# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਬੇ-ਘਰੇ ਲੋਕਾਂ ਅਤੇ ਮੁਸਾਫਰਾਂ ਨੂੰ ਜਲਦ ਹੀ ਮਿਲੇਗੀ ਰੈਣ-ਬਸੇਰੇ ਦੀ ਸੁਵਿਧਾ.......ਮੇਅਰ ਸ਼ਿਵ ਸੂਦ

## ਸ਼ਿਵ ਸੂਦ ਨੇ ਨਗਰ ਨਿਗਮ ਵਲੋਂ ਬਣਾਏ ਜਾ ਰਹੇ ਰੈਣ-ਬਸੇਰੇ ਦੀ ਪ੍ਰਗਤੀ ਦਾ ਲਿਆ ਜਾਇਜ਼ਾ

ਹੁਸ਼ਿਆਰਪੁਰ 10 ਫਰਵਰੀ ਪੰਜਾਬ ਸਟੇਟ ਅਰਬਨ ਲਾਈਵਲੀਹੁਡ ਮਿਸ਼ਨ ਤਹਿਤ ਫਾਇਰ ਬ੍ਰਿਗੇਡ ਦਫਤਰ ਦੇ ਨਜਦੀਕ ਨਗਰ ਨਿਗਮ ਵਲੋ 48.29 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਨਾਈਟ ਸੈਲਟਰ ਦੀ ਪ੍ਰਗਤੀ ਸਬੰਧੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਮੌਕੇ ਤੇ ਜਾ ਕੇ ਜਾਇਜਾ ਲਿਆ। ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ,ਐਸ.ਡੀ.ਓ ਕੁਲਦੀਪ ਸਿੰਘ, ਸਾਬਕਾ ਕੌਂਸਲਰ ਸੰਜੀਵ ਦੂਆ ਵੀ ਇਸ ਮੋਕੇ ਤੇ ਉਹਨ੍ਹਾਂ ਦੇ ਨਾਲ ਸਨ।ਮੇਅਰ ਸ਼ਿਵ ਸੂਦ ਨੇ ਨਾਈਟ ਸੈਲਟਰ ਦੀ ਉਸਾਰੀ ਸਬੰਧੀ ਤਸਲੀ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਰੇਣ-ਬਸੇਰੇ ਵਿੱਚ 2 ਹਾਲ, ਕਮਰੇ ਅਤੇ ਰਸੋਈ ਤੋ ਇਲਾਵਾ ਰਹਿਣ-ਸਹਿਣ ਦੀ ਹਰ ਤਰਾਂ ਦੀ ਵਿਵਸਥਾ ਮੁਹਈਆ ਕਰਵਾਈ ਜਾਵੇਗੀ। ਉਨਾ ਕਿਹਾ ਜਿਨਾਂ ਜਰੂਰਤਮੱਦ ਗਰੀਬਾਂ ਲਈ ਰਾਤ ਦੇ ਸਮੇਂ ਠਹਿਰਣ ਦੀ ਕੋਈ ਵਿਵਸਥਾ ਨਹੀ ਹੈ ਉਹ ਇਸ ਰੇਣ-ਬਸੇਰੇ ਵਿੱਚ ਰਹਿ ਸਕਣਗੇ। ਇਸ ਤੋ ਇਲਾਵਾ ਰਾਤ ਦੇ ਸਮਂ ਮੁਸਾਫਰਾਂ ਲਈ ਵੀ ਇਸ ਰੇਣ-ਬਸੇਰੇ ਵਿੱਚ ਠਹਿਰਣ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਇਸ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ।